ਮਿੱਠੇ ਬੱਚੇ:- "ਮਿੱਠੇ ਬੱਚੇ ਬਾਪ ਆਏ ਹਨ ਤੁਹਾਨੂੰ ਰੂਹਾਨੀ ਹੁਨਰ ਸਿਖਾਉਣ, ਜਿਸ ਨਾਲ ਤੁਸੀਂ ਸੂਰਜ - ਚੰਦ ਤੋਂ ਵੀ ਪਾਰ ਸ਼ਾਂਤੀਧਾਮ ਵਿੱਚ ਜਾਂਦੇ ਹੋ"

ਪ੍ਰਸ਼ਨ:- ਸਾਈਂਸ ਘਮੰਡ ਅਤੇ ਸਾਇਲੈਂਸ ਘਮੰਡ ਵਿੱਚ ਕਿਹੜਾ ਅੰਤਰ ਹੈ?

ਉੱਤਰ:- ਸਾਈਂਸ ਘਮੰਡੀ ਚੰਦ ਸਿਤਾਰਿਆਂ ਤੇ ਜਾਣ ਦੇ ਲਈ ਕਿੰਨਾ ਖ਼ਰਚਾ ਕਰਦੇ ਹਨ। ਸ਼ਰੀਰ ਦਾ ਜ਼ੋਖਿਮ ਚੁੱਕ ਕੇ ਜਾਂਦੇ ਹਨ। ਉਨ੍ਹਾਂ ਨੂੰ ਇਹ ਡਰ ਰਹਿੰਦਾ ਹੈ ਕਿ ਰਾਕੇਟ ਕਿਤੇ ਫੇਲ ਨਾ ਹੋ ਜਾਵੇ। ਤੁਸੀਂ ਬੱਚੇ ਸਾਇਲੈਂਸ ਘਮੰਡ ਵਾਲੇ ਬਗੈਰ ਕੌਡੀ ਖ਼ਰਚਾ ਸੂਰਜ - ਚੰਦ ਤੋਂ ਵੀ ਪਾਰ ਮੂਲਵਤਨ ਵਿੱਚ ਚਲੇ ਜਾਂਦੇ ਹੋ। ਤੁਹਾਨੂੰ ਕੋਈ ਡਰ ਨਹੀਂ ਕਿਉਂਕਿ ਤੁਸੀਂ ਸ਼ਰੀਰ ਨੂੰ ਇੱਥੇ ਹੀ ਛੱਡਕੇ ਜਾਂਦੇ ਹੋ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ। ਬੱਚੇ ਸੁਣਦੇ ਤਾਂ ਰਹਿੰਦੇ ਹਨ ਕਿ ਸਾਇੰਸਦਾਨ ਚੰਦ ਤੇ ਜਾਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਪਰ ਉਹ ਲੋਕੀ ਤਾਂ ਸਿਰਫ਼ ਚੰਦ ਤੱਕ ਜਾਣ ਦੀ ਕੋਸ਼ਿਸ਼ ਕਰਦੇ ਹਨ, ਕਿੰਨਾ ਖ਼ਰਚਾ ਕਰਦੇ ਹਨ। ਬਹੁਤ ਡਰ ਰਹਿੰਦਾ ਹੈ ਉੱਪਰ ਜਾਣ ਵਿੱਚ। ਹੁਣ ਤੁਸੀਂ ਆਪਣੇ ਉਪਰ ਵਿਚਾਰ ਕਰੋ, ਤੁਸੀਂ ਕਿੱਥੇ ਦੇ ਰਹਿਣ ਵਾਲੇ ਹੋ? ਉਹ ਤਾਂ ਚੰਦ੍ਰਮਾ ਵੱਲ ਜਾਂਦੇ ਹਨ। ਤੁਸੀਂ ਤਾਂ ਸੂਰਜ - ਚੰਦ ਤੋਂ ਵੀ ਪਾਰ ਜਾਂਦੇ ਹੋ, ਇੱਕਦਮ ਮੂਲਵਤਨ ਵਿੱਚ। ਉਹ ਲੋਕੀ ਤਾਂ ਉਪਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਪੈਸੇ ਮਿਲਦੇ ਹਨ। ਉਪਰ ਵਿੱਚ ਚੱਕਰ ਲਾਕੇ ਆਉਂਦੇ ਤਾਂ ਉਨ੍ਹਾਂ ਨੂੰ ਲੱਖਾਂ ਸੌਗਾਤਾਂ ਮਿਲਦੀਆਂ ਹਨ। ਸ਼ਰੀਰ ਦਾ ਜ਼ੋਖਿਮ (ਰਿਸ੍ਕ) ਚੁੱਕ ਕੇ ਜਾਂਦੇ ਹਨ। ਉਹ ਹਨ ਸਾਈਂਸ ਘਮੰਡੀ। ਤੁਹਾਡੇ ਕੋਲ ਹੈ ਸਾਇਲੈਂਸ ਦਾ ਘਮੰਡ। ਤੁਸੀਂ ਜਾਣਦੇ ਹੋ ਅਸੀਂ ਆਤਮਾ ਆਪਣੇ ਸ਼ਾਂਤੀਧਾਮ ਬ੍ਰਾਹਮੰਡ ਵਿੱਚ ਜਾਂਦੇ ਹਾਂ। ਆਤਮਾ ਹੀ ਸਭ ਕੁਝ ਕਰਦੀ ਹੈ। ਉਨ੍ਹਾਂ ਦੀ ਵੀ ਆਤਮਾ ਸ਼ਰੀਰ ਦੇ ਨਾਲ ਉਪਰ ਵਿੱਚ ਜਾਂਦੀ ਹੈ। ਬੜਾ ਖੌਫ਼ਨਾਕ ਹੈ। ਡਰਦੇ ਵੀ ਹਨ, ਉਪਰੋਂ ਦੀ ਡਿੱਗੇ ਤਾਂ ਜਾਨ ਖ਼ਤਮ ਹੋ ਜਾਵੇਗੀ। ਉਹ ਸਭ ਹੈ ਜਿਸਮਾਨੀ ਹੁਨਰ। ਤੁਹਾਨੂੰ ਬਾਪ ਰੂਹਾਨੀ ਹੁਨਰ (ਕਲਾ) ਸਿਖਾਉਂਦੇ ਹਨ। ਇਹ ਹੁਨਰ ਸਿਖਾਉਣ ਨਾਲ ਤੁਹਾਨੂੰ ਕਿੰਨੀ ਵੱਡੀ ਪ੍ਰਾਇਜ਼ ਮਿਲਦੀ ਹੈ। 21 ਜਨਮਾਂ ਦੀ ਪ੍ਰਾਇਜ਼ ਮਿਲਦੀ ਹੈ, ਨੰਬਰਵਾਰ ਪੁਰਸ਼ਾਰਥ ਅਨੁਸਾਰ। ਅੱਜਕਲ ਗਵਰਮੈਂਟ ਲਾਟਰੀ ਵੀ ਕੱਢਦੀ ਹੈ ਨਾ। ਇਹ ਬਾਪ ਤੁਹਾਨੂੰ ਪ੍ਰਾਇਜ਼ ਦਿੰਦੇ ਹਨ। ਅਤੇ ਕੀ ਸਿਖਾਉਂਦੇ ਹਨ? ਤੁਹਾਨੂੰ ਬਿਲਕੁਲ ਉਪਰ ਲੈ ਜਾਂਦੇ ਹਨ, ਜਿੱਥੇ ਤੁਹਾਡਾ ਘਰ ਹੈ। ਹੁਣ ਤੁਹਾਨੂੰ ਯਾਦ ਆਉਂਦਾ ਹੈ ਨਾ ਕਿ ਸਾਡਾ ਘਰ ਕਿੱਥੇ ਹੈ ਅਤੇ ਰਾਜਧਾਨੀ ਜੋ ਗਵਾਈ ਹੈ, ਉਹ ਕਿੱਥੇ ਹੈ। ਰਾਵਣ ਨੇ ਖੋਹ ਲਿਆ। ਹੁਣ ਫੇਰ ਤੋਂ ਅਸੀਂ ਆਪਣੇ ਅਸਲੀ ਘਰ ਵੀ ਜਾਂਦੇ ਹਾਂ ਅਤੇ ਰਾਜਾਈ ਵੀ ਪਾਉਂਦੇ ਹਾਂ। ਮੁਕਤੀਧਾਮ ਸਾਡਾ ਘਰ ਹੈ - ਇਹ ਕੋਈ ਨੂੰ ਪਤਾ ਨਹੀਂ ਹੈ। ਹੁਣ ਤੁਸੀਂ ਬੱਚਿਆਂ ਨੂੰ ਸਿਖਾਉਣ ਦੇ ਲਈ ਵੇਖੋ ਬਾਪ ਕਿਥੋਂ ਆਉਂਦੇ ਹਨ, ਕਿੰਨਾ ਦੂਰ ਲੈ ਆਉਂਦੇ ਹਨ। ਆਤਮਾ ਵੀ ਰਾਕੇਟ ਹੈ। ਉਹ ਕੋਸ਼ਿਸ਼ ਕਰਦੇ ਹਨ ਉਪਰ ਜਾਕੇ ਵੇਖੀਏ ਚੰਦ੍ਰਮਾ ਵਿੱਚ ਕੀ ਹੈ, ਸਟਾਰ ਵਿੱਚ ਕੀ ਹੈ? ਤੁਸੀਂ ਬੱਚੇ ਜਾਣਦੇ ਹੋ ਇਹ ਤਾਂ ਇਸ ਮਾਂਡਵੇ ਦੀਆਂ ਬੱਤੀਆਂ ਹਨ। ਜਿਵੇਂ ਮਾਂਡਵੇ ਵਿੱਚ ਬਿਜਲੀਆਂ ਲਗਾਉਂਦੇ ਹਨ। ਮਿਊਜ਼ੀਅਮ ਵਿੱਚ ਵੀ ਤੁਸੀਂ ਬੱਤੀਆਂ ਦੀ ਲੜੀਆਂ ਲਗਾਉਂਦੇ ਹੋ ਨਾ। ਇਹ ਫੇਰ ਹੈ ਬੇਹੱਦ ਦੀ ਦੁਨੀਆਂ। ਇਸ ਵਿੱਚ ਸੂਰਜ, ਚੰਦ, ਸਿਤਾਰੇ ਰੋਸ਼ਨੀ ਦੇਣ ਵਾਲੇ ਹਨ। ਮਨੁੱਖ ਫੇਰ ਸਮਝਦੇ ਹਨ ਸੂਰਜ - ਚੰਦ੍ਰਮਾ ਇਹ ਦੇਵਤਾ ਹਨ। ਪਰ ਇਹ ਦੇਵਤਾ ਤਾਂ ਹੈ ਨਹੀਂ। ਹੁਣ ਤੁਸੀਂ ਸਮਝਦੇ ਹੋ ਬਾਪ ਕਿਵੇਂ ਆਕੇ ਸਾਨੂੰ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ। ਇਹ ਗਿਆਨ ਸੂਰਜ, ਗਿਆਨ ਚੰਦ੍ਰਮਾ ਅਤੇ ਗਿਆਨ ਲੱਕੀ ਸਿਤਾਰੇ ਹਨ। ਗਿਆਨ ਨਾਲ ਹੀ ਤੁਸੀਂ ਬੱਚਿਆਂ ਦੀ ਸਦਗਤੀ ਹੋ ਰਹੀ ਹੈ। ਤੁਸੀਂ ਕਿੰਨਾ ਦੂਰ ਜਾਂਦੇ ਹੋ। ਬਾਪ ਨੇ ਹੀ ਘਰ ਜਾਣ ਦਾ ਰਸਤਾ ਦੱਸਿਆ ਹੈ। ਸਿਵਾਏ ਬਾਪ ਦੇ ਕੋਈ ਵੀ ਵਾਪਿਸ ਆਪਣੇ ਘਰ ਜਾ ਨਹੀਂ ਸਕਦੇ। ਬਾਪ ਜਦੋਂ ਆਕੇ ਸਿੱਖਿਆ ਦਿੰਦੇ ਹਨ, ਉਦੋਂ ਤੁਸੀਂ ਜਾਣਦੇ ਹੋ। ਇਹ ਵੀ ਸਮਝਦੇ ਹਨ ਅਸੀਂ ਆਤਮਾ ਪਵਿੱਤਰ ਬਣਾਂਗੇ ਉਦੋਂ ਹੀ ਆਪਣੇ ਘਰ ਜਾ ਸਕਾਂਗੇ। ਫੇਰ ਜਾਂ ਤਾਂ ਯੋਗਬਲ ਨਾਲ ਜਾਂ ਸਜਾਵਾਂ ਦੇ ਬਲ ਨਾਲ ਪਾਵਨ ਬਣਨਾ ਹੈ। ਬਾਪ ਤਾਂ ਸਮਝਾਉਂਦੇ ਰਹਿੰਦੇ ਹਨ ਜਿਨ੍ਹਾਂ ਬਾਪ ਨੂੰ ਯਾਦ ਕਰੋਗੇ ਉਨ੍ਹਾਂ ਤੁਸੀਂ ਪਾਵਨ ਬਣੋਗੇ। ਯਾਦ ਨਹੀਂ ਕਰੋਗੇ ਤਾਂ ਪਤਿਤ ਹੀ ਰਹਿ ਜਾਣਗੇ ਫੇਰ ਬਹੁਤ ਸਜ਼ਾ ਖਾਣੀ ਪਵੇਗੀ ਅਤੇ ਪਦ ਵੀ ਭ੍ਰਸ਼ਟ ਹੋ ਜਾਵੇਗਾ। ਬਾਪ ਖੁਦ ਤੁਹਾਨੂੰ ਸਮਝਾਉਂਦੇ ਹਨ। ਤੁਸੀਂ ਇਵੇਂ - ਇਵੇਂ ਘਰ ਜਾ ਸਕਦੇ ਹੋ। ਬ੍ਰਹਮੰਡ ਕੀ ਹੈ, ਸੁਖਸ਼ਮਵਤਨ ਕੀ ਹੈ, ਕੁਝ ਵੀ ਪਤਾ ਨਹੀਂ। ਸਟੂਡੈਂਟ ਪਹਿਲੇ ਥੋੜ੍ਹੇਹੀ ਕੁਝ ਜਾਣਦੇ ਹਨ, ਜਦੋਂ ਪੜ੍ਹਨਾ ਸ਼ੁਰੂ ਕਰਦੇ ਹਨ ਤਾਂ ਫੇਰ ਨਾਲੇਜ਼ ਮਿਲਦੀ ਹੈ। ਨਾਲੇਜ਼ ਵੀ ਕੋਈ ਛੋਟੀ, ਕੋਈ ਵੱਡੀ ਹੁੰਦੀ ਹੈ। ਆਈ.ਸੀ.ਐਸ. ਦਾ ਇਮਤਿਹਾਨ ਦਿੱਤਾ ਤਾਂ ਫੇਰ ਕਹਿਣਗੇ ਨਾਲੇਜ਼ਫੁੱਲ। ਇਸ ਤੋਂ ਉੱਚ ਨਾਲੇਜ਼ ਕੁਝ ਹੁੰਦੀ ਨਹੀਂ। ਹੁਣ ਤੁਸੀਂ ਵੀ ਕਿੰਨੀ ਉੱਚ ਨਾਲੇਜ਼ ਸਿੱਖਦੇ ਹੋ। ਬਾਪ ਤੁਹਾਨੂੰ ਪਵਿੱਤਰ ਬਣਨ ਦੀ ਯੁਕਤੀ ਦੱਸਦੇ ਹਨ ਕਿ ਬੱਚਿਓ ਮਾਮੇਕਮ ਯਾਦ ਕਰੋ ਤਾਂ ਤੁਸੀਂ ਪਤਿਤ ਤੋਂ ਪਾਵਨ ਬਣੋਗੇ। ਅਸਲ ਵਿੱਚ ਤੁਸੀਂ ਆਤਮਾਵਾਂ ਪਾਵਨ ਸੀ। ਉਪਰ ਆਪਣੇ ਘਰ ਵਿੱਚ ਰਹਿਣ ਵਾਲੇ ਸੀ, ਜਦੋਂ ਤੁਸੀਂ ਸਤਿਯੁਗ ਵਿੱਚ ਜੀਵਨਮੁਕਤੀ ਵਿੱਚ ਹੋ ਤਾਂ ਬਾਕੀ ਸਭ ਮੁਕਤੀਧਾਮ ਵਿੱਚ ਰਹਿੰਦੇ ਹਨ। ਮੁਕਤੀ ਅਤੇ ਜੀਵਨਮੁਕਤੀ ਦੋਨਾਂ ਨੂੰ ਅਸੀਂ ਸ਼ਿਵਾਲਿਆ ਕਹਿ ਸਕਦੇ ਹਾਂ। ਮੁਕਤੀ ਵਿੱਚ ਸ਼ਿਵਬਾਬਾ ਵੀ ਰਹਿੰਦੇ ਹਨ, ਅਸੀਂ ਬੱਚੇ (ਆਤਮਾਵਾਂ) ਵੀ ਰਹਿੰਦੇ ਹਾਂ। ਇਹ ਹੈ ਰੂਹਾਨੀ ਹਾਇਐਸਟ ਨਾਲੇਜ਼। ਉਹ ਕਹਿੰਦੇ ਹਨ ਅਸੀਂ ਚੰਦ ਦੇ ਉਪਰ ਜਾਕੇ ਰਹਾਂਗੇ। ਕਿੰਨਾ ਮੱਥਾ ਮਾਰਦੇ ਹਨ। ਬਹਾਦੁਰੀ ਵਿਖਾਉਂਦੇ ਹਨ। ਇਨ੍ਹੇ ਮਲ੍ਹੀ - ਮਿਲਿਅਨ ਮਾਈਲ ਉਪਰ ਜਾਂਦੇ ਹਨ, ਪਰ ਉਨ੍ਹਾਂ ਦੀ ਆਸ਼ ਪੂਰਨ ਨਹੀਂ ਹੁੰਦੀ ਹੈ ਤੁਹਾਡੀ ਆਸ਼ ਪੂਰੀ ਹੋ ਜਾਂਦੀ ਹੈ। ਉਨ੍ਹਾਂ ਦਾ ਹੈ ਜਿਸਮਾਨੀ ਘਮੰਡ। ਤੁਹਾਡਾ ਹੈ ਰੂਹਾਨੀ ਘਮੰਡ। ਉਹ

ਮਾਇਆ ਦੀ ਬਹਾਦੁਰੀ ਕਿੰਨੀ ਵਿਖਾਉਂਦੇ ਹਨ। ਮਨੁੱਖ ਕਿੰਨੀਆਂ ਤਾੜੀਆਂ ਵਜਾਉਂਦੇ ਹਨ, ਵਧਾਈਆਂ ਦਿੰਦੇ ਹਨ। ਮਿਲਦਾ ਵੀ ਬਹੁਤ ਹੈ। ਕਰਕੇ 5 - 10 ਕਰੋੜ ਮਿਲੇਗਾ। ਤੁਸੀਂ ਬੱਚਿਆਂ ਨੂੰ ਇਹ ਗਿਆਨ ਹੈ ਕਿ ਉਨ੍ਹਾਂ ਨੂੰ ਇਹ ਜੋ ਪੈਸਾ ਮਿਲਦਾ ਹੈ, ਸਭ ਖ਼ਤਮ ਹੋ ਜਾਵੇਗਾ। ਬਾਕੀ ਥੋੜ੍ਹੇ ਦਿਨ ਹੀ ਸਮਝੋ। ਅੱਜ ਕੀ ਹੈ, ਕੱਲ ਕੀ ਹੋਵੇਗਾ! ਅੱਜ ਤੁਸੀਂ ਨਰਕਵਾਸੀ ਹੋ, ਕੱਲ ਸ੍ਵਰਗਵਾਸੀ ਬਣ ਜਾਵੋਗੇ। ਟਾਈਮ ਕੋਈ ਜ਼ਿਆਦਾ ਨਹੀਂ ਲੱਗਦਾ ਹੈ, ਤਾਂ ਉਨ੍ਹਾਂ ਦੀ ਹੈ ਜਿਸਮਾਨੀ ਤਾਕ਼ਤ ਅਤੇ ਤੁਹਾਡੀ ਹੈ ਰੂਹਾਨੀ ਤਾਕ਼ਤ। ਜੋ ਸਿਰਫ਼ ਤੁਸੀਂ ਹੀ ਜਾਣਦੇ ਹੋ। ਉਹ ਜਿਸਮਾਨੀ ਤਾਕ਼ਤ ਨਾਲ ਕਿੱਥੋਂ ਤੱਕ ਜਾਣਗੇ। ਚੰਦ, ਸਿਤਾਰਿਆਂ ਤੱਕ ਪਹੁੰਚਣਗੇ ਅਤੇ ਲੜ੍ਹਾਈ ਸ਼ੁਰੂ ਹੋ ਜਾਵੇਗੀ। ਫੇਰ ਉਹ ਸਭ ਖ਼ਤਮ ਹੋ ਜਾਣਗੇ। ਉਨ੍ਹਾਂ ਦਾ ਹੁਨਰ ਇੱਥੇ ਤੱਕ ਹੀ ਖ਼ਤਮ ਹੋ ਜਾਵੇਗਾ। ਉਹ ਹੈ ਜਿਸਮਾਨੀ ਹਾਇਐਸਟ ਹੁਨਰ, ਤੁਹਾਡਾ ਹੈ ਰੂਹਾਨੀ ਹਾਇਐਸਟ ਹੁਨਰ। ਤੁਸੀਂ ਸ਼ਾਂਤੀਧਾਮ ਵਿੱਚ ਜਾਂਦੇ ਹੋ। ਉਸਦਾ ਨਾਮ ਹੀ ਹੈ ਸਵੀਟ ਹੋਮ। ਉਹ ਲੋਕ ਕਿੰਨੇ ਉਪਰ ਜਾਂਦੇ ਹਨ ਅਤੇ ਤੁਸੀਂ ਆਪਣਾ ਹਿਸਾਬ ਕਰੋ - ਤੁਸੀਂ ਕਿੰਨੇ ਮਾਇਲਸ ਉਪਰ ਵਿੱਚ ਜਾਂਦੇ ਹੋ? ਤੁਸੀਂ ਕੌਣ ਹੋ? ਆਤਮਾਵਾਂ। ਬਾਪ ਕਹਿੰਦੇ ਹਨ ਮੈਂ ਕਿੰਨੇ ਮਾਇਲ ਉਪਰ ਵਿੱਚ ਰਹਿੰਦਾ ਹਾਂ। ਗਿਣਤੀ ਕਰ ਸਕੋਗੇ! ਉਨ੍ਹਾਂ ਦੇ ਕੋਲ ਤਾਂ ਗਿਣਤੀ ਹੈ, ਦੱਸਦੇ ਹਨ ਇੰਨੇ ਮਾਇਲ ਉਪਰ ਵਿੱਚ ਗਏ ਫੇਰ ਵਾਪਿਸ ਆਉਂਦੇ ਹਨ। ਬੜੀ ਖ਼ਬਰਦਾਰੀ ਰੱਖਦੇ ਹਨ, ਇਵੇਂ ਉਤਰਾਂਗੇ ਇਹ ਕਰਾਂਗੇ, ਬਹੁਤ ਆਵਾਜ਼ ਹੁੰਦਾ ਹੈ। ਤੁਹਾਡਾ ਕੀ ਆਵਾਜ਼ ਹੋਵੇਗਾ। ਤੁਸੀਂ ਕਿੱਥੇ ਜਾਂਦੇ ਹੋ ਫੇਰ ਕਿਵੇਂ ਆਉਂਦੇ ਹੋ, ਕੋਈ ਪਤਾ ਨਹੀਂ। ਤੁਹਾਨੂੰ ਕੀ ਪ੍ਰਾਇਜ਼ ਮਿਲਦੀ ਹੈ, ਇਹ ਵੀ ਤੁਸੀਂ ਹੀ ਜਾਣੋ। ਵੰਡਰਫੁੱਲ ਹੈ। ਬਾਬਾ ਦੀ ਕਮਾਲ ਹੈ, ਕਿਸੇ ਨੂੰ ਪਤਾ ਨਹੀਂ। ਤੁਸੀਂ ਤਾਂ ਕਹੋਗੇ ਇਹ ਨਵੀਂ ਗੱਲ ਥੋੜ੍ਹੇਹੀ ਹੈ। ਹਰ 5 ਹਜ਼ਾਰ ਵਰ੍ਹੇ ਬਾਦ ਉਹ ਆਪਣੀ ਇਹ ਪ੍ਰੈਕਟਿਸ ਕਰਦੇ ਰਹਿਣਗੇ। ਤੁਸੀਂ ਇਸ ਸ੍ਰਿਸ਼ਟੀ ਰੂਪੀ ਡਰਾਮਾ ਦੇ ਆਦਿ, ਮੱਧ, ਅੰਤ ਡਿਯੂਰੇਸ਼ਨ ਆਦਿ ਨੂੰ ਚੰਗੀ ਤਰ੍ਹਾਂ ਜਾਣਦੇ ਹੋ। ਤਾਂ ਤੁਹਾਨੂੰ ਅੰਦਰ ਫ਼ਖ਼ਰ ਹੋਣਾ ਚਾਹੀਦਾ - ਬਾਬਾ ਸਾਨੂੰ ਕੀ ਸਿਖਾਉਂਦੇ ਹਨ। ਬਹੁਤ ਉੱਚਾ ਪੁਰਸ਼ਾਰਥ ਕਰਦੇ ਹਨ ਫੇਰ ਵੀ ਕਰਣਗੇ। ਇਹ ਸਭ ਗੱਲਾਂ ਹੋਰ ਕੋਈ ਨਹੀਂ ਜਾਣਦੇ। ਬਾਪ ਹੈ ਗੁਪਤ। ਤੁਹਾਨੂੰ ਕਿੰਨਾ ਰੋਜ਼ ਸਮਝਾਉਂਦਾ ਹਾਂ। ਤੁਹਾਨੂੰ ਕਿੰਨੀ ਨਾਲੇਜ਼ ਦਿੰਦਾ ਹਾਂ। ਉਨ੍ਹਾਂ ਲੋਕਾਂ ਦਾ ਜਾਣਾ ਹੈ ਹੱਦ ਤੱਕ। ਤੁਸੀਂ ਬੇਹੱਦ ਵਿੱਚ ਜਾਂਦੇ ਹੋ। ਉਹ ਚੰਦ੍ਰਮਾ ਤੱਕ ਜਾਂਦੇ ਹਨ, ਹੁਣ ਉਹ ਤਾਂ ਵੱਡੀਆਂ - ਵੱਡੀਆਂ ਬੱਤੀਆਂ ਹਨ, ਹੋਰ ਤਾਂ ਕੁਝ ਹੈ ਨਹੀਂ। ਉਨ੍ਹਾਂ ਦੀ ਧਰਨੀ ਬਹੁਤ ਛੋਟੀ ਵੇਖਣ ਵਿੱਚ ਆਉਂਦੀ ਹੈ। ਤਾਂ ਉਨ੍ਹਾਂ ਦੀ ਜਿਸਮਾਨੀ ਨਾਲੇਜ਼ ਅਤੇ ਤੁਹਾਡੀ ਨਾਲੇਜ਼ ਵਿੱਚ ਕਿੰਨਾ ਫ਼ਰਕ ਹੈ। ਤੁਹਾਡੀ ਆਤਮਾ ਕਿੰਨੀ ਛੋਟੀ ਹੈ। ਪਰ ਰਾਕੇਟ ਬੜਾ ਤਿੱਖਾ ਹੈ। ਆਤਮਾਵਾਂ ਉਪਰ ਵਿੱਚ ਰਹਿੰਦੀਆਂ ਹਨ ਫੇਰ ਆਉਂਦੀਆਂ ਹਨ ਪਾਰ੍ਟ ਵਜਾਉਣ। ਉਹ ਵੀ ਸੁਪ੍ਰੀਮ ਆਤਮਾ ਹੈ। ਪਰ ਉਨ੍ਹਾਂ ਦੀ ਪੂਜਾ ਕਿਵੇਂ ਹੋਵੇ। ਭਗਤੀ ਵੀ ਜ਼ਰੂਰ ਹੋਣੀ ਹੀ ਹੈ।

ਬਾਬਾ ਨੇ ਸਮਝਾਇਆ ਹੈ ਅੱਧਾਕਲਪ ਹੈ ਗਿਆਨ ਦਿਨ, ਅੱਧਾਕਲਪ ਹੈ ਭਗਤੀ ਰਾਤ। ਹੁਣ ਸੰਗਮਯੁਗ ਤੇ ਤੁਸੀਂ ਗਿਆਨ ਲੈਂਦੇ ਹੋ। ਸਤਿਯੁਗ ਵਿੱਚ ਤਾਂ ਗਿਆਨ ਹੁੰਦਾ ਨਹੀਂ ਇਸਲਈ ਇਸਨੂੰ ਪੁਰਸ਼ੋਤਮ ਸੰਗਮਯੁਗ ਕਿਹਾ ਜਾਂਦਾ ਹੈ। ਸਭਨੂੰ ਪੁਰਸ਼ੋਤਮ ਬਣਾਉਂਦੇ ਹਨ। ਤੁਹਾਡੀ ਆਤਮਾ ਕਿੰਨੀ ਦੂਰ - ਦੂਰ ਜਾਂਦੀ ਹੈ, ਤੁਹਾਨੂੰ ਖੁਸ਼ੀ ਹੈ ਨਾ। ਉਹ ਹੁਨਰ ਵਿਖਾਉਂਦੇ ਤਾਂ ਬਹੁਤ ਪੈਸੇ ਮਿਲਦੇ ਹਨ। ਭਾਵੇਂ ਕਿੰਨਾ ਵੀ ਮਿਲੇ ਪਰ ਤੁਸੀਂ ਸਮਝਦੇ ਹੋ ਉਹ ਕੁਝ ਵੀ ਨਾਲ ਚੱਲਣਾ ਨਹੀਂ ਹੈ। ਹੁਣ ਮਰੇ ਕਿ ਮਰੇ। ਸਭ ਖ਼ਤਮ ਹੋ ਜਾਣ ਵਾਲਾ ਹੈ। ਹੁਣ ਤੁਹਾਨੂੰ ਕਿੰਨੇ ਵੈਲਿਊਏਬਲ ਰਤਨ ਮਿਲਦੇ ਹਨ, ਇਨ੍ਹਾਂ ਦੀ ਵੈਲਿਯੂ ਕੋਈ ਗਿਣੀ ਨਹੀਂ ਜਾਂਦੀ। ਲੱਖ - ਲੱਖ ਰੁਪਈਆ ਇੱਕ - ਇੱਕ ਵਰਜਨ ਦਾ ਹੈ। ਕਿੰਨੇ ਵਕ਼ਤ ਤੋਂ ਤੁਸੀਂ ਸੁਣਦੇ ਹੀ ਆਉਂਦੇ ਹੋ। ਗੀਤਾ ਵਿੱਚ ਕਿੰਨੀ ਵੈਲਿਊਏਬਲ ਨਾਲੇਜ਼ ਹੈ। ਇਹ ਇੱਕ ਹੀ ਗੀਤਾ ਹੈ ਜਿਸਨੂੰ ਮੋਸ੍ਟ ਵੈਲਿਊਏਬਲ ਕਹਿੰਦੇ ਹਨ। ਸ੍ਰਵਸ਼ਾਸਤ੍ਰਮਈ ਸ਼ਿਰੋਮਣੀ ਸ਼੍ਰੀਮਤ ਭਗਵਤ ਗੀਤਾ ਹੈ। ਉਹ ਲੋਕੀ ਭਾਵੇਂ ਪੜ੍ਹਦੇ ਰਹਿੰਦੇ ਹਨ ਅਰ੍ਥ ਥੋੜ੍ਹੇਹੀ ਸਮਝਦੇ ਹਨ। ਗੀਤਾ ਪੜ੍ਹਨ ਨਾਲ ਕੀ ਹੁੰਦਾ ਹੋਵੇਗਾ। ਹੁਣ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਤੁਸੀਂ ਪਾਵਨ ਬਣੋਗੇ। ਭਾਵੇਂ ਉਹ ਗੀਤਾ ਪੜ੍ਹਦੇ ਹਨ ਪਰ ਇੱਕ ਦਾ ਵੀ ਬਾਪ ਨਾਲ ਯੋਗ ਨਹੀਂ। ਬਾਪ ਨੂੰ ਹੀ ਸ੍ਰਵਵਿਆਪੀ ਕਹਿ ਦਿੰਦੇ ਹਨ। ਪਾਵਨ ਵੀ ਬਣ ਨਹੀਂ ਸਕਦੇ। ਹੁਣ ਇਹ ਲਕਸ਼ਮੀ - ਨਾਰਾਇਣ ਦੇ ਚਿੱਤਰ ਤੁਹਾਡੇ ਸਾਹਮਣੇ ਹਨ। ਇਨ੍ਹਾਂ ਨੂੰ ਦੇਵਤਾ ਕਿਹਾ ਜਾਂਦਾ ਹੈ ਕਿਉਂਕਿ ਦੈਵੀਗੁਣ ਹਨ। ਤੁਸੀਂ ਆਤਮਾਵਾਂ ਨੂੰ ਪਵਿੱਤਰ ਬਣ ਸਭਨੂੰ ਆਪਣੇ ਘਰ ਜਾਣਾ ਹੈ। ਨਵੀਂ ਦੁਨੀਆਂ ਵਿੱਚ ਤਾਂ ਇੰਨੇ ਮਨੁੱਖ ਹੁੰਦੇ ਨਹੀਂ। ਬਾਕੀ ਸਭ ਆਤਮਾਵਾਂ ਨੂੰ ਜਾਣਾ ਪਵੇਗਾ ਆਪਣੇ ਘਰ। ਤੁਹਾਨੂੰ ਬਾਪ ਵੀ ਵੰਡਰਫੁੱਲ ਨਾਲੇਜ਼ ਦਿੰਦੇ ਹਨ, ਜਿਸ ਨਾਲ ਤੁਸੀਂ ਮਨੁੱਖ ਤੋਂ ਦੇਵਤਾ ਬਹੁਤ ਉੱਚ ਬਣਦੇ ਹੋ। ਤਾਂ ਇਵੇਂ ਪੜ੍ਹਾਈ ਤੇ ਅਟੈਂਸ਼ਨ ਵੀ ਇਨਾਂ ਚਾਹੀਦਾ। ਇਹ ਵੀ ਸਮਝਦੇ ਹਨ ਜਿਵੇਂ ਜਿੰਨੇ ਕਲਪ ਪਹਿਲੇ ਅਟੈਂਸ਼ਨ ਦਿੱਤਾ ਹੈ, ਇਵੇਂ ਦਿੰਦੇ ਰਹਿਣਗੇ। ਪਤਾ ਪੈਂਦਾ ਰਹਿੰਦਾ ਹੈ। ਬਾਪ ਸਰਵਿਸ ਦਾ ਸਮਾਚਾਰ ਸੁਣਾਕੇ ਖੁਸ਼ ਵੀ ਹੁੰਦੇ ਹਨ। ਬਾਪ ਨੂੰ ਕਦੀ ਚਿੱਠੀ ਹੀ ਨਹੀਂ ਲਿੱਖਦੇ ਹਨ ਤਾਂ ਸਮਝਦੇ ਹਨ ਉਨ੍ਹਾਂ ਦਾ ਬੁੱਧੀਯੋਗ ਕਿੱਥੇ ਠੀਕਰ ਭਿੱਤਰ ਵੱਲ ਲੱਗ ਗਿਆ ਹੈ। ਦੇਹ - ਅਭਿਮਾਨ ਆਇਆ ਹੋਇਆ ਹੈ, ਬਾਪ ਨੂੰ ਭੁੱਲ ਗਏ ਹਨ। ਨਹੀਂ ਤਾਂ ਵਿਚਾਰ ਕਰੋ ਲਵ ਮੈਰਿਜ ਹੁੰਦੀ ਹੈ ਤਾਂ ਉਨ੍ਹਾਂ ਦਾ ਆਪਸ ਵਿੱਚ ਕਿੰਨਾ ਪਿਆਰ ਰਹਿੰਦਾ ਹੈ। ਹਾਂ, ਕੋਈ - ਕੋਈ ਦੇ ਖ਼ਿਆਲ ਬਦਲ ਜਾਂਦੇ ਹਨ ਤਾਂ ਫੇਰ ਇਸਤ੍ਰੀ ਨੂੰ ਵੀ ਮਾਰ ਦਿੰਦੇ ਹਨ। ਇਹ ਤੁਹਾਡੀ ਹੈ ਉਨ੍ਹਾਂ ਨਾਲ ਲਵ ਮੈਰਿਜ। ਬਾਪ ਆਕੇ ਤੁਹਾਨੂੰ ਆਪਣਾ ਪਰਿਚੈ ਦਿੰਦੇ ਹਨ। ਤੁਸੀਂ ਆਪੇਹੀ ਪਰਿਚੈ ਨਹੀਂ ਪਾਉਂਦੇ ਹੋ। ਬਾਪ ਨੂੰ ਆਉਣਾ ਪੈਂਦਾ ਹੈ। ਬਾਪ ਆਵੇਗਾ ਉਦੋਂ ਜਦਕਿ ਦੁਨੀਆਂ ਪੁਰਾਣੀ ਹੋਵੇਗੀ। ਪੁਰਾਣੀ ਨੂੰ ਨਵੀਂ ਬਣਾਉਣ ਜ਼ਰੂਰ ਸੰਗਮ ਤੇ ਹੀ ਆਉਣਗੇ। ਬਾਪ ਦੀ ਡਿਊਟੀ ਹੈ ਨਵੀਂ ਦੁਨੀਆਂ ਸਥਾਪਨ ਕਰਨ ਦੀ। ਤੁਹਾਨੂੰ ਤਾਂ ਸ੍ਵਰਗ ਦਾ ਮਾਲਿਕ ਬਣਾ ਦਿੰਦੇ ਹਨ ਤਾਂ ਇਵੇਂ ਬਾਪ ਦੇ ਨਾਲ ਕਿੰਨਾ ਲਵ ਹੋਣਾ ਚਾਹੀਦਾ ਫੇਰ ਕਿਉਂ ਕਹਿੰਦੇ ਕਿ ਬਾਬਾ ਅਸੀਂ ਭੁੱਲ ਜਾਂਦੇ ਹਾਂ। ਕਿੰਨਾ ਉੱਚ ਤੋਂ ਉੱਚ ਬਾਪ ਹੈ। ਇਨ੍ਹਾਂ ਤੋਂ ਉੱਚਾ ਕੋਈ ਹੁੰਦਾ ਹੀ ਨਹੀਂ। ਮਨੁੱਖ ਮੁਕਤੀ ਦੇ ਲਈ ਕਿੰਨਾ ਮੱਥਾ ਮਾਰਦੇ, ਉਪਾਏ ਕਰਦੇ ਹਨ। ਕਿੰਨਾ ਝੂਠ ਠੱਗੀ ਚੱਲ ਰਹੀ ਹੈ। ਮਹਾਰਿਸ਼ੀ ਆਦਿ ਦਾ ਕਿੰਨਾ ਨਾਮ ਹੈ। ਗਵਰਮੈਂਟ 10 - 20 ਏਕੜ ਜ਼ਮੀਨ ਦੇ ਦਿੰਦੀ ਹੈ। ਇਵੇਂ ਨਹੀਂ ਕਿ ਗਵਰਮੈਂਟ ਕੋਈ ਇਰਰਿਲੀਜਸ ਹੈ, ਉਨ੍ਹਾਂ ਵਿੱਚ ਕੋਈ ਮਿਨਿਸਟਰ ਰਿਲਿਜਸ ਹਨ, ਕੋਈ ਅਨਰਿਲਿਜਸ ਹਨ। ਕੋਈ ਧਰਮ ਨੂੰ ਮੰਨਦੇ ਹੀ ਨਹੀਂ। ਕਿਹਾ ਜਾਂਦਾ ਹੈ ਰਿਲੀਜਨ ਇਜ਼ ਮਾਈਟ।

ਕ੍ਰਿਸ਼ਚਨ ਵਿੱਚ ਮਾਈਟ ਸੀ ਨਾ। ਸਾਰੇ ਭਾਰਤ ਨੂੰ ਹਪ ਕਰਕੇ ਗਏ। ਹੁਣ ਭਾਰਤ ਵਿੱਚ ਕੋਈ ਮਾਈਟ ਨਹੀਂ ਹੈ। ਕਿੰਨਾ ਝਗੜਾ ਮਾਰਾਮਾਰੀ ਲੱਗੀ ਪਈ ਹੈ। ਉਹੀ ਭਾਰਤ ਕੀ ਸੀ। ਬਾਪ ਕਿਵੇਂ, ਕਿੱਥੇ ਆਉਂਦੇ ਹਨ, ਕਿਸੇ ਨੂੰ ਕੁਝ ਵੀ ਪਤਾ ਨਹੀ। ਤੁਸੀਂ ਜਾਣਦੇ ਹੋ ਮਗਧ ਦੇਸ਼ ਵਿੱਚ ਆਉਂਦੇ ਹਨ, ਜਿੱਥੇ ਮਗਰਮੱਛ ਹੁੰਦੇ ਹਨ। ਮਨੁੱਖ ਇਵੇਂ ਹਨ ਜੋ ਸਭ - ਕੁਝ ਖਾ ਜਾਣ। ਸਭਤੋਂ ਜ਼ਿਆਦਾ ਵੈਸ਼ਨਵ ਭਾਰਤ ਸੀ। ਇਹ ਵੈਸ਼ਨਵ ਰਾਜ ਹੈ ਨਾ। ਕਿੱਥੇ ਇਹ ਮਹਾਨ ਪਵਿੱਤਰ ਦੇਵਤਾ, ਕਿੱਥੇ ਅੱਜਕਲ੍ਹ ਵੇਖੋ ਕੀ - ਕੀ ਹਪ ਕਰਦੇ ਜਾਂਦੇ ਹਨ। ਆਦਮਖ਼ੋਰ ਵੀ ਬਣ ਜਾਂਦੇ ਹਨ। ਭਾਰਤ ਦੀ ਕੀ ਹਾਲਤ ਹੋ ਗਈ ਹੈ। ਹੁਣ ਤੁਹਾਨੂੰ ਸਾਰਾ ਰਾਜ਼ ਸਮਝਾ ਰਹੇ ਹਨ। ਉਪਰ ਤੋਂ ਲੈਕੇ ਥੱਲੇ ਤੱਕ ਪੂਰਾ ਗਿਆਨ ਦਿੰਦੇ ਹਨ। ਪਹਿਲੇ - ਪਹਿਲੇ ਤੁਸੀਂ ਹੀ ਇਸ ਪ੍ਰਿਥਵੀ ਤੇ ਹੁੰਦੇ ਹੋ ਫੇਰ ਮਨੁੱਖ ਵ੍ਰਿਧੀ ਨੂੰ ਪਾਉਂਦੇ ਹਨ। ਹੁਣ ਥੋੜ੍ਹੇ ਵਕ਼ਤ ਵਿੱਚ ਹਾਹਾਕਾਰ ਹੋ ਜਾਵੇਗਾ ਫੇਰ ਹਾਏ - ਹਾਏ ਕਰਦੇ ਰਹਿਣਗੇ। ਸ੍ਵਰਗ ਵਿੱਚ ਵੇਖੋ ਕਿੰਨਾ ਸੁੱਖ ਹੈ। ਇਹ ਏਮ ਆਬਜੈਕਟ ਦੀ ਨਿਸ਼ਾਨੀ ਵੇਖੋ। ਇਹ ਸਭ ਤੁਸੀਂ ਬੱਚਿਆਂ ਨੂੰ ਧਾਰਨਾ ਵੀ ਕਰਨੀ ਹੈ। ਕਿੰਨੀ ਵੱਡੀ ਪੜ੍ਹਾਈ ਹੈ। ਬਾਪ ਕਿੰਨਾ ਕਲੀਅਰ ਕਰ ਸਮਝਾਉਂਦੇ ਹਨ। ਮਾਲਾ ਦਾ ਰਾਜ਼ ਵੀ ਸਮਝਾਇਆ ਹੈ। ਉਪਰ ਵਿੱਚ ਫੁੱਲ ਹੈ ਸ਼ਿਵਬਾਬਾ, ਫੇਰ ਮੇਰੁ... ਪ੍ਰਵ੍ਰਤੀ ਮਾਰ੍ਗ ਹੈ ਨਾ। ਨਿਰਵ੍ਰਿਤੀ ਮਾਰ੍ਗ ਵਾਲਿਆਂ ਨੂੰ ਤਾਂ ਮਾਲਾ ਫੇਰਨ ਦਾ ਹੁਕਮ ਨਹੀਂ। ਇਹ ਹੈ ਹੀ ਦੇਵਤਿਆਂ ਦੀ ਮਾਲਾ, ਉਨ੍ਹਾਂ ਨੇ ਕਿਵੇਂ ਰਾਜ ਲਿਆ ਹੈ, ਤੁਹਾਡੇ ਵਿੱਚ ਵੀ ਨੰਬਰਵਾਰ ਹਨ। ਕੋਈ - ਕੋਈ ਹਨ ਜੋ ਬੇਧੜਕ ਹੋ ਕਿਸੇ ਨੂੰ ਵੀ ਸਮਝਾਉਂਦੇ ਹਨ - ਆਓ ਤਾਂ ਅਸੀਂ ਤੁਹਾਨੂੰ ਅਜਿਹੀ ਗੱਲ ਦੱਸੀਏ ਜੋ ਹੋਰ ਕੋਈ ਦੱਸ ਹੀ ਨਹੀਂ ਸਕਦੇ। ਸਿਵਾਏ ਸ਼ਿਵਬਾਬਾ ਦੇ ਹੋਰ ਕੋਈ ਜਾਣਦੇ ਹੀ ਨਹੀਂ। ਉਨ੍ਹਾਂ ਨੂੰ ਇਹ ਰਾਜਯੋਗ ਕਿੰਨੇ ਸਿਖਾਇਆ। ਬਹੁਤ ਰਸੀਲਾ ਬੈਠ ਸਮਝਾਣਾ ਚਾਹੀਦਾ। ਇਹ 84 ਜਨਮ ਕਿਵੇਂ ਲੈਂਦੇ, ਦੇਵਤਾ, ਕਸ਼ਤ੍ਰੀਏ, ਵੈਸ਼, ਸ਼ੂਦ੍ਰ...। ਬਾਪ ਕਿੰਨੀ ਸਹਿਜ ਨਾਲੇਜ਼ ਦੱਸਦੇ ਹਨ ਅਤੇ ਪਵਿੱਤਰ ਵੀ ਬਣਨਾ ਹੈ ਤਾਂ ਹੀ ਉੱਚ ਪਦ ਪਾਉਣਗੇ। ਸਾਰੇ ਵਿਸ਼ਵ ਤੇ ਸ਼ਾਂਤੀ ਸਥਾਪਨ ਕਰਨ ਵਾਲੇ ਤੁਸੀਂ ਹੋ। ਬਾਪ ਤੁਹਾਨੂੰ ਰਾਜ - ਭਾਗ ਦਿੰਦੇ ਹਨ। ਦਾਤਾ ਹੈ ਨਾ। ਉਹ ਕੁਝ ਲੈਂਦੇ ਨਹੀਂ ਹਨ। ਤੁਹਾਡੀ ਪੜ੍ਹਾਈ ਦੀ ਇਹ ਹੈ ਪ੍ਰਾਇਜ਼। ਅਜਿਹੀ ਪ੍ਰਾਇਜ਼ ਤਾਂ ਹੋਰ ਕੋਈ ਦੇ ਨਾ ਸੱਕਣ। ਤਾਂ ਅਜਿਹੇ ਬਾਪ ਨੂੰ ਪਿਆਰ ਨਾਲ ਕਿਉਂ ਨਹੀਂ ਯਾਦ ਕਰਦੇ ਹੋ। ਲੌਕਿਕ ਬਾਪ ਨੂੰ ਤਾਂ ਸਾਰਾ ਜਨਮ ਯਾਦ ਕਰਦੇ ਹੋ। ਪਾਰਲੌਕਿਕ ਨੂੰ ਕਿਉਂ ਨਹੀਂ ਯਾਦ ਕਰਦੇ ਹੋ। ਬਾਪ ਨੇ ਦੱਸਿਆ ਹੈ ਯੁੱਧ ਦਾ ਮੈਦਾਨ ਹੈ, ਟਾਈਮ ਲੱਗਦਾ ਹੈ ਪਾਵਨ ਬਣਨ ਵਿੱਚ। ਇਨਾਂ ਹੀ ਵਕ਼ਤ ਲੱਗਦਾ ਹੈ ਜਦੋਂ ਤੱਕ ਲੜ੍ਹਾਈ ਪੂਰੀ ਹੋਵੇ। ਇਵੇਂ ਨਹੀਂ ਜੋ ਸ਼ੁਰੂ ਵਿੱਚ ਆਏ ਹਨ ਉਹ ਪੂਰੇ ਪਾਵਨ ਹੋਣਗੇ। ਬਾਬਾ ਕਹਿੰਦੇ ਹਨ ਮਾਇਆ ਦੀ ਲੜ੍ਹਾਈ ਬੜੀ ਜ਼ੋਰ ਨਾਲ ਚੱਲਦੀ ਹੈ। ਚੰਗੇ - ਚੰਗੇ ਨੂੰ ਵੀ ਮਾਇਆ ਜਿੱਤ ਲੈਂਦੀ ਹੈ। ਇੰਨੀ ਤਾਂ ਬਲਵਾਨ ਹੈ। ਜੋ ਡਿੱਗਦੇ ਹਨ ਉਹ ਫੇਰ ਮੁਰਲੀ ਵੀ ਕਿੱਥੋਂ ਸੁਣਨ। ਸੈਂਟਰ ਵਿੱਚ ਤਾਂ ਆਉਂਦੇ ਹੀ ਨਹੀਂ ਤਾਂ ਉਨ੍ਹਾਂ ਨੂੰ ਕਿਵੇਂ ਪਤਾ ਪਵੇ। ਮਾਇਆ ਇੱਕਦਮ ਵਰਥ ਨਾਟ ਏ ਪੈਨੀ ਬਣਾ ਦਿੰਦੀ ਹੈ। ਮੁਰਲੀ ਜਦੋਂ ਪੜ੍ਹਨ ਉਦੋਂ ਸੁਜਾਗ ਹੋਣ। ਗੰਦੇ ਕੰਮ ਵਿੱਚ ਲੱਗ ਜਾਂਦੇ ਹਨ। ਕੋਈ ਸੈਂਸੀਬੁਲ ਬੱਚਾ ਹੋਵੇ ਜੋ ਉਨ੍ਹਾਂ ਨੂੰ ਸਮਝਾਏ - ਤੁਸੀਂ ਮਾਇਆ ਤੋਂ ਕਿਵੇਂ ਹਾਰ ਖਾਧੀ ਹੈ। ਬਾਬਾ ਤੁਹਾਨੂੰ ਕੀ ਸੁਣਾਉਂਦੇ ਹਨ, ਤੁਸੀਂ ਫੇਰ ਕਿੱਥੇ ਜਾ ਰਹੇ ਹੋ। ਵੇਖਦੇ ਹਨ ਇਨ੍ਹਾਂ ਨੂੰ ਮਾਇਆ ਖਾ ਰਹੀ ਹੈ ਤਾਂ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਤੇ ਮਾਇਆ ਸਾਰਾ ਹਪ ਨਾ ਕਰ ਲਏ। ਫੇਰ ਤੋਂ ਸੁਜਾਗ ਹੋ ਜਾਣ। ਨਹੀਂ ਤਾਂ ਉੱਚ ਪਦ ਨਹੀਂ ਪਾਉਣਗੇ। ਸਤਿਗੁਰੂ ਦੀ ਨਿੰਦਾ ਕਰਾਉਂਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਨੇ ਸਾਇਲੈਂਸ ਦਾ ਹੁਨਰ ਸਿਖਾਕੇ ਇਸ ਹੱਦ ਦੀ ਦੁਨੀਆਂ ਤੋਂ ਪਾਰ ਬੇਹੱਦ ਵਿਚ ਜਾਣਾ ਹੈ। ਫ਼ਖੁਰ (ਨਸ਼ਾ) ਰਹੇ ਬਾਪ ਸਾਨੂੰ ਕਿੰਨਾ ਵੰਡਰਫੁੱਲ ਗਿਆਨ ਦੇਕੇ, ਕਿੰਨੀ ਵੱਡੀ ਪ੍ਰਾਇਜ਼ ਦਿੰਦੇ ਹਨ।

2. ਬੇਧੜਕ ਹੋਕੇ ਬਹੁਤ ਰਸੀਲੇ ਢੰਗ ਨਾਲ ਸੇਵਾ ਕਰਨੀ ਹੈ। ਮਾਇਆ ਦੀ ਲੜ੍ਹਾਈ ਵਿੱਚ ਬਲਵਾਨ ਬਣ ਜਿੱਤ ਪਾਣੀ ਹੈ। ਮੁਰਲੀ ਸੁਣਕੇ ਸੁਜਾਗ ਰਹਿਣਾ ਹੈ ਅਤੇ ਸਭਨੂੰ ਸੁਜਾਗ ਕਰਨਾ ਹੈ।

ਵਰਦਾਨ:- ਪਰਮਪੂਜਯ ਬਣ ਪਰਮਾਤਮ ਪਿਆਰ ਦਾ ਅਧਿਕਾਰ ਪ੍ਰਾਪਤ ਕਰਨ ਵਾਲੇ ਸੰਪੂਰਨ ਸਵੱਛ ਆਤਮਾ ਭਵ

ਸਦਾ ਇਹ ਸਮ੍ਰਿਤੀ ਜੀਵਨ ਵਿੱਚ ਲਿਆਓ ਕਿ ਮੈਂ ਪੂਜਯ ਆਤਮਾ ਇਸ ਸ਼ਰੀਰ ਰੂਪੀ ਮੰਦਿਰ ਵਿੱਚ ਵਿਰਾਜਮਾਨ ਹਾਂ। ਅਜਿਹੀ ਪੂਜਯ ਆਤਮਾ ਹੀ ਸਰਵ ਦੀ ਪਿਆਰੀ ਹੈ। ਉਹਨਾਂ ਦੀ ਜੜ੍ਹ ਮੂਰਤੀ ਵੀ ਸਭਨੂੰ ਪਿਆਰੀ ਲਗਦੀ ਹੈ। ਕੋਈ ਆਪਸ ਵਿੱਚ ਭਾਵੇਂ ਝਗੜਦੇ ਹੋਣ ਪਰ ਮੂਰਤੀ ਨੂੰ ਪਿਆਰ ਕਰਨਗੇ ਕਿਉਂਕਿ ਉਸ ਵਿੱਚ ਪਵਿੱਤਰਤਾ ਹੈ। ਤਾਂ ਆਪਣੇ ਆਪ ਕੋਲੋਂ ਪੁੱਛੋ ਮਨ - ਬੁੱਧੀ ਸੰਪੂਰਨ ਸਵੱਛ ਬਣੀ ਹੈ, ਜਰਾ ਵੀ ਅਸਵੱਛਤਾ ਮਿਕਸ ਤਾਂ ਨਹੀਂ ਹੈ? ਜੋ ਅਜਿਹੇ ਸੰਪੂਰਨ ਸਾਫ਼ ਹਨ ਉਹ ਹੀ ਪਰਮਾਤਮ ਪਿਆਰ ਦੇ ਅਧਿਕਾਰੀ ਹਨ।

ਸਲੋਗਨ:- ਗਿਆਨ ਦੇ ਖਜ਼ਾਨੇ ਨੂੰ ਖੁਦ ਵਿੱਚ ਧਾਰਨ ਕਰ ਹਰ ਸਮੇਂ, ਹਰ ਕਰਮ ਸਮਝ ਨਾਲ ਕਰਨ ਵਾਲੇ ਗਿਆਨੀ ਤੂੰ ਆਤਮਾ ਹਨ।

******